# ਪ੍ਰੈਸ ਨੋਟ

ਡਾ: ਸੰਦੀਪ ਗਰਗ IPS ਐਸ.ਐਸ.ਪੀ ਸੰਗਰੂਰ ਵੱਲੋ ਮਾੜੇ ਅੰਨਸਰਾਂ ਅਤੇ ਜੁਰਮ ਕਰਨ ਵਾਲਿਆ ਵਿਰੁੱਧ ਚਲਾਈ ਵਿਸ਼ੇਸ ਮੁਹਿਮ ਤਹਿਤ ਸੰਗਰੂਰ ਪੁਲਿਸ ਨੂੰ ਉਸ ਸਮੇ ਇੱਕ ਵੱਡੀ ਸਫਲਤਾ ਮਿਲੀ ਜਦੋ ਸੰਗਰੂਰ ਪੁਲਿਸ ਨੇ ਪਿੰਡ ਢੀਡਸਾ ਥਾਣਾ ਮੂਨਕ ਵਿਖੇ 6/7 ਫਰਵਰੀ 2019 ਦੀ ਦਰਮਿਆਨੀ ਰਾਤ ਨੂੰ ਹੋਏ ਕਤਲ ਦੀ ਗੁੱਥੀ ਸੁਲਝਾਉਣ ਅਤੇ ਇਸ ਕਤਲ ਵਿੱਚ ਸ਼ਾਮਿਲ ਦੋਨਾ ਦੋਸ਼ੀਆ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ।

ਡਾ: ਸੰਦੀਪ ਗਰਗ IPS ਐਸ.ਐਸ.ਪੀ ਸੰਗਰੂਰ ਨੇ ਪ੍ਰੈਸ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਮਿਤੀ 7/2/2019 ਨੂੰ ਥਾਣਾ ਮੂਨਕ ਦੀ ਪੁਲਿਸ ਨੂੰ ਇਤਲਾਹ ਮਿਲੀ ਕਿ ਜਗਤਾਰ ਸਿੰਘ ਉਰਫ ਤਾਰੀ (ਉਮਰ 24 ਸਾਲ) ਪੁੱਤਰ ਕਰਨੈਲ ਸਿੰਘ ਵਾਸੀ ਢੀਡਸਾ ਨੂੰ ਕਤਲ ਕਰਕੇ ਦੋਲਤ ਸਿੰਘ ਦੀ ਖੇਤ ਵਾਲੀ ਮੋਟਰ ਵਾਲੇ ਕਮਰੇ ਵਿੱਚ ਸੁਟ ਦਿੱਤਾ ਹੈ।ਜਿਸਤੇ ਮ੍ਰਿਤਕ ਦੇ ਭਰਾ ਅਮਰੀਕ ਸਿੰਘ ਪੁੱਤਰ ਕਰਨੈਲ ਸਿੰਘ ਦੇ ਬਿਆਨਾ ਪਰ ਮੁਕੱਦਮਾ ਨੰਬਰ 14 ਮਿਤੀ 07.02.19 ਅ/ਧ 302 /34 ਹਿੰ:ਡੰ: ਥਾਣਾ ਮੂਨਕ ਦਰਜ ਕੀਤਾ ਗਿਆ।ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਸ੍ਰੀ ਗੁਰਮੀਤ ਸਿੰਘ ਸਿੱਧੂ ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਸੰਗਰੂਰ ਦੀ ਅਗਵਾਈ ਵਿੱਚ ਸ੍ਰੀ ਅਜੇਪਾਲ ਸਿੰਘ ਉਪ ਕਪਤਾਨ ਪੁਲਿਸ ਮੂਨਕ ਅਤੇ ਸ੍ਰੀ ਬਲਜਿੰਦਰ ਸਿੰਘ ਮੁੱਖ ਅਫਸਰ ਥਾਣਾ ਮੂਨਕ ਉਤੇ ਅਧਾਰਤ ਵਿਸ਼ੇਸ ਤਫਤੀਸੀ ਟੀਮ ਦਾ ਗਠਣ ਕੀਤਾ ਗਿਆ।ਜੋ ਇਸ ਟੀਮ ਵੱਲੋ ਸਾਰੇ ਪਹਿਲੂਆ ਦੀ ਬਰੀਕੀ ਨਾਲ ਤਫਤੀਸ ਕਰਕੇ ਇਸ ਕਤਲ ਵਿੱਚ ਸ਼ਾਮਿਲ ਨਛੱਤਰ ਸਿੰਘ ਉਰਫ ਗੋਪਾਲਾ ਉਰਫ ਮਿੱਠੂ ਪੁੱਤਰ ਪ੍ਰੀਤਮ ਸਿੰਘ ਅਤੇ ਗੁਰਮੇਲ ਸਿੰਘ ਉਰਫ ਮੇਲੂ ਪੁੱਤਰ ਅਜਮੇਰ ਸਿੰਘ ਵਾਸੀਆਨ ਢੀਡਸਾ ਨੂੰ ਕਾਬੂ ਕੀਤਾ ਗਿਆ ਅਤੇ ਬਰੀਕੀ ਨਾਲ ਪੁੱਛ ਗਿੱਛ ਕੀਤੀ।ਪੁੱਛ ਗਿੱਛ ਦੋਰਾਨ ਦੋਨਾ ਦੋਸ਼ੀਆ ਨੇ ਇਕਬਾਲ ਕੀਤਾ ਕਿ ਮਿਤੀ 06.02.19 ਦੀ ਸ਼ਾਮ ਨੂੰ ਉਹ ਦੋਨੇ ਪਿੰਡ ਦੇ ਬੱਸ ਸਟੈਡ ਨੇੜੇ ਲੱਗੀ ਧੂਣੀ ਤੋ ਮ੍ਰਿਤਕ ਜਗਤਾਰ ਸਿੰਘ ਨੂੰ ਸ਼ਰਾਬ ਪੀਣ ਦੇ ਬਹਾਨੇ ਲੈ ਗਏ ਸਨ ਅਤੇ ਉਸਦੀ ਜਿਆਦਾ ਸ਼ਰਾਬ ਪੀਤੀ ਹੋਣ ਕਰਕੇ ਮੋਕਾ ਤਾੜ ਕੇ ਉਸਨੂੰ ਕਾਬੂ ਕਰ ਲਿਆ।ਗੁਰਮੇਲ ਸਿੰਘ ਨੇ ਜਗਤਾਰ ਸਿੰਘ ਨੂੰ ਪੈਰਾਂ ਤੋ ਫੜ ਲਿਆ ਅਤੇ ਨਛੱਤਰ ਸਿੰਘ ਉਰਫ ਗੋਪਾਲਾ ਨੇ ਰਬੜ ਦੇ ਬੂਟ ਨਾਲ ਜਗਤਾਰ ਸਿੰਘ ਦਾ ਮੂੰਹ ਬੰਦ ਕਰ ਦਿੱਤਾ ਅਤੇ ਨਛੱਤਰ ਸਿੰਘ ਨੇ ਆਪਣੇ ਗੋਡੇ ਅਤੇ ਪੈਰ ਦੀ ਮਦਦ ਨਾਲ ਜਗਤਾਰ ਸਿੰਘ ਘੰਡੀ ਦਬਾ ਦਿੱਤੀ।ਜਦੋ ਜਗਤਾਰ ਸਿੰਘ ਦਾ ਸਰੀਰ ਠੰਡਾ ਹੋਣ ਲੱਗਾ ਤਾਂ ਨਛੱਤਰ ਸਿੰਘ ਨੇ ਉਸਦੀ ਛਾਤੀ ਪਰ ਚੜ ਕੇ ਆਪਣੇ ਪੈਰਾਂ ਦੀਆਂ ਅੱਡੀਆ ਨਾਲ ਉਸਦੀਆ ਪੱਸਲੀਆ ਉਪਰ ਵੀ ਸੱਟਾਂ ਮਾਰੀਆ।ਕਤਲ ਕਰਨ ਤੋ ਬਾਅਦ ਇਹ ਦੋਨੇ ਜਣੇ ਰਾਤ ਭਰ ਗੁਰਮੇਲ ਸਿੰਘ ਗੇਲੂ ਦੇ ਘਰ ਰਹੇ ਅਤੇ ਉੱਥੈ ਦੇਰ ਰਾਤ ਤੱਕ ਸ਼ਰਾਬ ਪੀਦੇ ਰਹੇ।ਅਗਲੇ ਦਿਨ ਸੁਭਾ ਤੋ ਹੀ ਦੋਸ਼ੀ ਗੁਰਮੇਲ ਸਿੰਘ ਗੇਲੂ ਸੂਹ ਲੈਣ ਲਈ ਮਰਨ ਵਾਲੇ ਦੇ ਪਰਿਵਾਰ ਨਾਲ ਹਮਦਰਦੀ ਕਰਨ ਦੇ ਬਹਾਨੇ ਫਿਰਦਾ ਰਿਹਾ ਅਤੇ ਕੱਲ ਮਿਤੀ 10.02.19 ਮ੍ਰਿਤਕ ਦੇ ਫੁੱਲ ਪਾਉਣ ਲਈ ਉਸਦੇ ਪਰਿਵਾਰ ਦੇ ਨਾਲ ਹੀ ਗੜ੍ਹੀ ਸਾਹਿਬ (ਸਮਾਣਾ) ਵਿਖੇ ਗਿਆ ਸੀ।ਜੋ ਮਿਤੀ 10.02.19 ਨੂੰ ਵਿਸ਼ੇਸ ਤਫਤੀਸੀ ਟੀਮ ਨੇ ਦੋਨਾ ਦੋਸ਼ੀਆ ਨੂੰ ਕਾਬੂ ਕਰਕੇ ਪੁੱਛ ਗਿੱਛ ਕੀਤੀ ਅਤੇ ਪੁੱਛ ਗਿੱਛ ਦੋਰਾਨ ਦੋਨਾਂ ਦੋਸ਼ੀਆ ਨੇ ਆਪਣਾ ਜੁਰਮ ਕਬੂਲ ਕੀਤਾ।ਵਜ੍ਹਾ ਰੰਜਿਸ ਇਹ ਹੈ ਕਿ ਇਸਤੋ ਕਰੀਬ 8 ਮਾਹ ਪਹਿਲਾਂ ਮਰਨ ਵਾਲੇ ਜਗਤਾਰ ਸਿੰਘ ਨੇ ਦੋਸ਼ੀ ਨਛੱਤਰ ਸਿੰਘ ਦੀ ਬਾਲੇ ਮਾਰ-ਮਾਰ ਕੇ ਖੱਬੀ ਲੱਤ ਤੋੜ ਦਿੱਤੀ ਸੀ।ਜਿਸਦੇ ਗੁੱਸੇ ਵਜੋ ਨਛੱਤਰ ਸਿੰਘ ਉਰਫ ਗੋਪਾਲਾ ਉਰਫ ਮਿੱਠੂ ਨੇ ਬਦਲਾ ਲੈਣ ਦੀ ਨੀਅਤ ਨਾਲ ਆਪਣੇ ਦੋਸਤ ਗੁਰਮੇਲ ਸਿੰਘ ਜਿਸਦੀ ਆਉਣੀ ਜਾਣੀ ਮ੍ਰਿਤਕ ਦੇ ਪਰਿਵਾਰ ਨਾਲ ਸੀ, ਨਾਲ ਮਿਲ ਕੇ ਇਸ ਕਤਲ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ।ਜੋ ਦੋਨਾ ਦੋਸ਼ੀਆ ਅੱਜ ਮਿਤੀ 11.02.19 ਨੂੰ ਪੇਸ਼ ਅਦਾਲਤ ਕਰਕੇ ਇੱਕ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ।ਦੋਨਾਂ ਦੋਸ਼ੀਆ ਪਾਸੋ ਡੂੰਘਾਈ ਨਾਲ ਪੁੱਛ ਗਿੱਛ ਜਾਰੀ ਹੈ।